# ਰਿਪੋਰਟ ਦਾ ਸੰਖੇਪ

ਜਿਵੇਂ ਕੈਲੇਫੋਰਨੀਆ ਵਿਚ ਇਮੀਗਰੇਸ਼ਨ ਕੈਦੀਆਂ ਨੂੰ ਰੱਖਣ ਵਾਲੀਆਂ ਤਾਲਾਬੰਦ ਥਾਂਵਾਂ ਵਿਚਲੀਆਂ ਹਾਲਤਾਂ ਬਾਰੇ ਕੈਲੇਫੋਰਨੀਆ ਡਿਪਾਰਟਮੈਂਟ ਔਫ ਜਸਟਿਸ (DOJ) ਨੇ ਅਸੰਬਲੀ ਬਿੱਲ 103 (2017) ਹੇਠ ਆਪਣੀ ਦੂਜੀ ਰਿਪੋਰਟ ਜਾਰੀ ਕੀਤੀ ਹੈ, ਦੇਸ਼ ਕੋਵਿਡ-19 ਮਹਾਂਮਾਰੀ ਨੂੰ ਕੰਟਰੋਲ ਕਰਨ ਅਤੇ ਰੋਕਣ ਲਈ ਜੱਦੋਜਹਿਦ ਕਰ ਰਿਹਾ ਹੈ। ਇਮੀਗਰੇਸ਼ਨ ਕੈਦੀਆਂ ਵਾਲੀਆਂ ਥਾਂਵਾਂ ਵਿਚਲੇ ਬੰਦੀ ਅਤੇ ਸਟਾਫ, ਕੈਦੀਆਂ ਦੇ ਇਕੱਠਾਂ ਕਰਕੇ ਖਾਸ ਤੌਰ `ਤੇ ਨੁਕਸਾਨ ਦੀ ਜੱਦ ਵਿਚ ਆਉਣ ਵਾਲੇ ਹਨ, ਅਤੇ ਇਮੀਗਰੇਸ਼ਨ ਕੈਦ ਨਾਲ ਸੰਬੰਧਿਤ ਸਾਰੀਆਂ ਧਿਰਾਂ – ਯੂ.ਐੱਸ ਇਮੀਗਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE), ਸਥਾਨਾਂ ਦੀ ਲੀਡਰਸ਼ਿਪ ਅਤੇ ਸਟਾਫ, ਸਥਾਨੋਂ ਬਾਹਰਲੇ ਕਮਿਉਨਟੀ ਹਸਪਤਾਲ, ਵਕੀਲ, ਫੈਡਰਲ ਕੋਰਟਾਂ, ਅਤੇ ਖੁਦ ਇਮੀਗਰੇਸ਼ਨ ਕੈਦੀ – ਨੂੰ ਇਸ ਸੰਕਟ ਨਾਲ ਨਿਪਟਣ ਲਈ ਮਜ਼ਬੂਰ ਹੋਣਾ ਪਿਆ ਹੈ। ਕੈਲੇਫੋਰਨੀਆ ਦੇ ਡੀ ਓ ਜੇ ਦੇ ਏ ਬੀ 103 (DOJ's AB 103) ਵਲੋਂ ਇਮੀਗਰੇਸ਼ਨ ਕੈਦੀਆਂ ਵਾਲੀਆਂ ਜਿਨ੍ਹਾਂ ਤਿੰਨ ਥਾਂਵਾਂ ਦੇ ਰਿਵੀਊ ਦਾ ਇਸ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ਉਹ ਰਿਵੀਊ ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਗਿਆ ਸੀ, ਅਤੇ ਇਨ੍ਹਾਂ ਅਤੇ ਥਾਂਵਾਂ ਦੇ ਇਸ ਤੋਂ ਪਹਿਲੇ ਰਿਵੀਊਜ਼ ਤੋਂ ਮਿਲੀ ਸਮਝ ਨੇ ਅਟਾਰਨੀ ਜਨਰਲ Xavier Becerra ਨੂੰ 13 ਅਪਰੈਲ, 2020 ਨੂੰ ਹੋਮਲੈਂਡ ਸਕਿਉਰਟੀ ਦੇ ਐਕਟਿੰਗ ਸੈਕਰੇਟਰੀ ਨੂੰ ਲਿਖਣ ਲਈ ਪ੍ਰੇਰਿਤ ਕੀਤਾ, ਜਿਸ ਲਿਖਤ ਵਿਚ ਉਸ ਨੇ ਕੋਵਿਡ-19 ਦੇ ਫੈਲਣ ਨੂੰ ਘੱਟ ਤੋਂ ਘੱਟ ਕਰਨ ਖਾਤਰ ਇਮੀਗਰੇਸ਼ਨ ਕੈਦੀਆਂ ਨੂੰ ਰਿਹਾ ਕਰਨ ਅਤੇ ਸੇਫਟੀ ਨਿਯਮ ਅਪਣਾਉਣ ਲਈ ਬੇਨਤੀ ਕੀਤੀ।[1] ਭਾਵੇਂ ਕਿ ਦੇਸ਼ ਭਰ ਵਿਚ ਆਈ ਸੀ ਈ (ICE) ਦੀਆਂ ਬਾਲਗਾਂ ਨੂੰ ਬੰਦੀ ਬਣਾ ਕੇ ਰੱਖਣ ਵਾਲੀਆਂ ਥਾਂਵਾਂ ਵਿਚ ਇਮੀਗਰਾਂਟਾਂ ਦੀ ਔਸਤ ਗਿਣਤੀ ਫਰਵਰੀ 2020 ਵਿਚ 37,876 ਕੈਦੀਆਂ ਨਾਲੋਂ ਘੱਟ ਕੇ ਸਤੰਬਰ, 2020 ਵਿਚ 19,989 ਹੋ ਗਈ ਸੀ, ਇਸੇ ਸਮੇਂ ਨਜ਼ਰਬੰਦੀ ਦੀ ਸਮੁੱਚੀ ਔਸਤ ਲੰਬਾਈ ਕਾਫੀ ਵਧ ਕੇ 56.1 ਦਿਨਾਂ ਦੀ ਬਜਾਏ 91.3 ਦਿਨ ਹੋ ਗਈ।[2]

ਇਹ ਰਿਪੋਰਟ, ਤਿੰਨ ਪ੍ਰਾਈਵੇਟ ਤੌਰ `ਤੇ ਚਲਾਏ ਜਾ ਰਹੇ ਬੰਦੀ ਬਣਾਉਣ ਵਾਲੇ ਸੈਂਟਰਾਂ ਦੇ ਸੰਬੰਧ ਵਿਚ ਕੈਲੇਫੋਰਨੀਆ ਦੇ ਡੀ ਓ ਜੇ (DOJ) ਦੇ ਨਤੀਜਿਆਂ ਨੂੰ ਪੇਸ਼ ਕਰਦੀ ਹੈ: (1) ਜੀ ਈ ਓ ਗਰੁੱਪ, ਇੰਕ ਵਲੋਂ ਚਲਾਇਆ ਜਾ ਰਿਹਾ ਐਡੇਲਾਂਟੋ ਆਈ ਸੀ ਈ ਪ੍ਰੋਸੈਸਿੰਗ ਸੈਂਟਰ (Adelanto), (2) ਮੈਨੇਜਮੈਂਟ ਟਰੇਨਿੰਗ ਕਾਰਪੋਰੇਸ਼ਨ (MTC) ਵਲੋਂ ਚਲਾਈ ਜਾ ਰਹੀ ਇਮਪੀਰੀਅਲ ਰੀਜਨਲ ਡਿਟੈਨਸ਼ਨ ਫਾਸਿਲਟੀ (Imperial) ਅਤੇ (3) ਕੋਰਸਿਵਿਕ ਵਲੋਂ ਚਲਾਇਆ ਜਾ ਰਿਹਾ ਓਟੇ ਮੇਸਾ ਡਿਟੈਨਸ਼ਨ ਸੈਂਟਰ (Otay Mesa)।

ਕੈਲੇਫੋਰਨੀਆ ਦੇ ਡੀ ਓ ਜੇ (DOJ) ਦੇ ਸਟਾਫ ਨੇ, ਹਰ ਸਥਾਨ ਵਿਚ ਕੈਦ ਦੀਆਂ ਹਾਲਤਾਂ ਅਤੇ ਕੈਦੀਆਂ ਦੇ ਰੱਖੇ ਜਾ ਰਹੇ ਖਿਆਲ ਅਤੇ ਉਨ੍ਹਾਂ ਨਾਲ ਕਾਨੂੰਨੀ ਤੌਰ `ਤੇ ਕੀਤੇ ਜਾ ਰਹੇ ਉਚਿਤ ਵਰਤਾਅ ਬਾਰੇ ਸਮਝ ਬਣਾਉਣ ਲਈ, ਕੋਰੈਕਸ਼ਨਲ, ਮੈਡੀਕਲ, ਅਤੇ ਮਾਨਸਿਕ ਸਿਹਤ ਦੇ ਮਾਹਰਾਂ ਨਾਲ ਰਲ ਕੇ ਹਰ ਥਾਂ ਦਾ ਦੌਰਾ ਕੀਤਾ, ਸਟਾਫ ਅਤੇ ਕੈਦੀਆਂ ਨਾਲ ਇੰਟਰਵਿਊਆਂ ਕੀਤੀਆਂ, ਅਤੇ ਲੌਗਾਂ, ਪੌਲਸੀਆਂ, ਕੈਦੀਆਂ ਦੇ ਰਿਕਾਰਡਾਂ ਅਤੇ ਹੋਰ ਡਾਕੂਮੈਂਟਸ ਦੀ ਪੜਚੋਲ ਅਤੇ ਵਿਸ਼ਲੇਸ਼ਣ ਕੀਤਾ। ਇਸ ਦੇ ਇਲਾਵਾ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਤਿੰਨਾਂ ਵਿੱਚੋਂ ਹਰ ਇਕ ਸਥਾਨ ਵਿਚ ਕੈਦੀਆਂ ਨਾਲ ਕਾਨੂੰਨੀ ਤੌਰ `ਤੇ ਕੀਤੇ ਜਾ ਰਹੇ ਉਚਿਤ ਵਰਤਾਅ ਵਿਚ ਆਉਂਦੀਆਂ ਰੁਕਾਵਟਾਂ ਅਤੇ ਮਿਲਦੀਆਂ ਮਦਦਾਂ ਦਾ ਅਤੇ ਇਸ ਦੇ ਨਾਲ ਨਾਲ ਕੋਵਿਡ-19 ਦਾ ਕੈਦੀਆਂ ਅਤੇ ਉਨ੍ਹਾਂ ਦੇ ਵਕੀਲਾਂ ਉਪਰ ਪਏ ਅਸਰਾਂ ਦਾ ਵਿਸ਼ਲੇਸ਼ਣ ਕਰਨ ਲਈ ਦੋ ਅਟਾਰਨੀ ਸਰਵੇ ਕਰਵਾਏ।

ਇਸ ਰਿਪੋਰਟ ਵਿਚ ਪੇਸ਼ ਕੀਤਾ ਗਿਆ ਤਿੰਨ ਥਾਂਵਾਂ ਦਾ ਰਿਵੀਊ ਕੈਲੇਫੋਰਨੀਆ ਵਿਚ ਸਥਿਤ ਇਮੀਗਰੇਸ਼ਨ ਕੈਦੀਆਂ ਵਾਲੀਆਂ ਥਾਂਵਾਂ ਲਈ ਬਦਲਦੇ ਦ੍ਰਿਸ਼ ਦੇ ਸੰਦਰਭ ਵਿਚ ਹੋਇਆ ਹੈ। ਕੈਲੇਫੋਰਨੀਆ ਦੇ ਡੀ ਓ ਜੇ (DOJ) ਦੀ ਫਰਵਰੀ 2019 ਦੀ ਰਿਪੋਰਟ ਦੀ ਪਾਲਣਾ ਕਰਦੇ ਹੋਏ, Orange ਕਾਉਂਟੀ ਨੇ ਕੈਦ ਦੀਆਂ ਸੇਵਾਵਾਂ ਦੇਣ ਲਈ ਆਈ ਸੀ ਈ ਦਾ ਕੌਨਟਰੈਕਟ ਖਤਮ ਕਰ ਦਿੱਤਾ, ਅਤੇ Yolo ਕਾਉਂਟੀ ਨੇ ਇਮੀਗਰੇਸ਼ਨ ਕੈਦ ਵਿਚ ਨਾਬਾਲਗਾਂ ਨੂੰ ਰੱਖਣ ਵੇਲੇ ਰਫਿਊਜੀ ਰੀਸੈਟਲਮੈਂਟ ਦੇ ਦਫਤਰ ਨਾਲ ਆਪਣਾ ਐਗਰੀਮੈਂਟ ਖਤਮ ਕਰ ਦਿੱਤਾ, ਜਿਸ ਕਰਕੇ ਸਿਰਫ Yuba ਕਾਉਂਟੀ ਜੇਲ੍ਹ ਹੀ ਰਹਿ ਗਈ ਹੈ ਜੋ ਕਿ ਸਰਕਾਰ ਦੀ ਮਾਲਕੀ ਵਾਲੀ ਅਤੇ ਇਸ ਵਲੋਂ ਚਲਾਈ ਜਾਂਦੀ ਹੈ ਜੋ ਸਟੇਟ ਵਿਚ ਇਮੀਗਰੇਸ਼ਨ ਕੈਦੀਆਂ ਨੂੰ ਰੱਖਦੀ ਹੈ। ਇਸ ਦੇ ਇਲਾਵਾ, ਵਿਧਾਨ ਸਭਾ ਵਲੋਂ ਅਸੰਬਲੀ ਬਿੱਲ 32 (2019) ਪਾਸ ਕੀਤਾ ਗਿਆ, ਜੋ 1 ਜਨਵਰੀ, 2020 ਤੋਂ ਬਾਅਦ ਨਜ਼ਰਬੰਦੀ ਦੇ ਨਵੇਂ ਪ੍ਰਾਈਵੇਟ ਕੌਨਟਰੈਕਟਾਂ ਅਤੇ ਕੌਨਟਰੈਕਟ ਵਿਚ

---

[1] ਕੈਲੇਫੋਰਨੀਆ ਡਿਪਾਰਟਮੈਂਟ ਔਫ ਜਸਟਿਸ, ਅਟਾਰਨੀ ਜਨਰਲ ਦਾ ਦਫਤਰ, ਐਕਟਿੰਗ ਸੈਕਰੇਟਰੀ Chad F. Wolf ਨੂੰ ਚਿੱਠੀ, 13 ਅਪਰੈਲ, 2020, <https://oag.ca.gov/system/files/attachments/press-docs/4.13.20%20-%20Letter%20to%20DHS%20Acting%20Secretary.pdf> (2 ਦਸੰਬਰ, 2020 ਤੋਂ)।

[2] ਯੂ. ਐੱਸ. ਇਮੀਗਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE), ਡਿਟੈਨਸ਼ਨ ਮੈਨੇਜਮੈਂਟ, ਡਿਟੈਨਸ਼ਨ ਸਟੈਟਿਸਟਿਕਸ, FY 2020 ICE ਅੰਕੜੇ, <https://www.ice.gov/doclib/detention/FY20-detentionstats.xlsx> <https://www.ice.gov/detention-management> ਉੱਪਰ ਉਪਲਬਧ (2 ਦਸੰਬਰ, 2020 ਤੋਂ)।

ਵਾਧਿਆਂ ਦੀ ਮਨਾਹੀ ਕਰਦਾ ਹੈ। 1 ਜਨਵਰੀ, 2020 ਤੋਂ ਛੇਤੀ ਬਾਅਦ, ਆਈ ਸੀ ਏ ਨੇ ਸਟੇਟ ਵਿਚ ਪਹਿਲਾਂ ਹੀ ਚੱਲ ਰਹੀਆਂ ਚਾਰ ਪ੍ਰਾਈਵੇਟ ਥਾਂਵਾਂ ਵਿੱਚੋਂ ਤਿੰਨ ਨੂੰ ਵਾਧੂ ਬੈੱਡਾਂ ਲਈ ਕੌਂਨਟਰੈਕਟ ਦੇ ਦਿੱਤਾ, ਜਿਸ ਵਿਚ ਸਟੇਟ ਦੀਆਂ ਤਿੰਨ ਪੁਰਾਣੀਆਂ ਜੇਲ੍ਹਾਂ ਦਾ ਵਾਧਾ ਵੀ ਸ਼ਾਮਲ ਹੈ ਜੋ ਕਿ ਜੀ ਈ ਓ ਗਰੁੱਪ, ਇੰਕ ਵਲੋਂ ਚਲਾਈਆਂ ਜਾ ਰਹੀਆਂ ਹਨ। ਨਤੀਜੇ ਵਜੋਂ, ਫਰਵਰੀ 2019 ਅਤੇ ਇਸ ਵੇਲੇ ਦੇ ਵਿਚਕਾਰ ਸਟੇਟ ਵਿਚ ਇਮੀਗਰੇਸ਼ਨ ਕੈਦੀਆਂ ਦੀ ਸਮਰੱਥਾ ਤਕਰੀਬਨ 4,160 ਤੋਂ ਵਧ ਕੇ 7,408 ਹੋ ਗਈ।

ਰਿਵੀਊ ਕੀਤੀਆਂ ਗਈਆਂ ਤਿੰਨ ਥਾਂਵਾਂ ਬਾਰੇ ਰਿਪੋਰਟ ਦੀ ਚਰਚਾ ਸਰੋਕਾਰਾਂ ਦੇ ਤਿੰਨ ਖੇਤਰਾਂ ਬਾਰੇ ਗੱਲ ਕਰਨ ਵਾਲੇ ਭਾਗ ਨਾਲ ਸ਼ੁਰੂ ਹੁੰਦੀ ਹੈ ਅਤੇ ਇਹ ਦੱਸਦੀ ਹੈ ਕਿ ਹਰ ਥਾਂ ਵਲੋਂ ਆਈ ਸੀ ਈ ਦੇ ਕਾਰਗੁਜ਼ਾਰੀ ਆਧਾਰਿਤ ਨਜ਼ਰਬੰਦੀ ਦੇ ਕੇਂਦਰੀ ਮਿਆਰ (PBNDS) – ਜੋ ਕਿ ਇਮੀਗਰੇਸ਼ਨ ਕੈਦ ਲਈ ਫੈਡਰਲ ਮਿਆਰ ਹਨ – ਸਰੋਕਾਰ ਵਾਲੇ ਹਰ ਖੇਤਰ `ਤੇ ਅਸਰ ਪਾਉਂਦੇ ਹਨ। ਪਹਿਲਾ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਕੈਦੀ ਦੀ ਸਕਿਉਰਟੀ ਦੇ ਵਰਗੀਕਰਨ ਦੇ ਸਿਸਟਮ ਬਾਰੇ ਸਮੱਸਿਆਵਾਂ ਦੀ ਪਛਾਣ ਕੀਤੀ ਹੈ, ਜੋ ਕਿ ਕੈਦੀਆਂ ਦੀਆਂ ਕੈਦ ਦੀਆਂ ਹਾਲਤਾਂ `ਤੇ ਮਾੜਾ ਅਸਰ ਪਾ ਸਕਦਾ ਹੈ। ਦੂਜਾ, ਕੈਦ ਦੀਆਂ ਮਾੜੀਆਂ ਹਾਲਤਾਂ – ਜਿਵੇਂ ਕਿ ਪ੍ਰੋਟੈਕਟਿਵ ਕਸਟੱਡੀ ਵਿਚਲੇ ਕੈਦੀਆਂ ਲਈ ਬਹੁਤ ਹੀ ਜ਼ਿਆਦਾ ਬੰਦਸ਼ਾਂ ਵਾਲੀਆਂ ਹਾਲਤਾਂ ਅਤੇ ਨਿਤਾਣੇ ਕੈਦੀਆਂ ਨੂੰ ਪਾਬੰਦੀਆਂ ਵਾਲੀ ਰਿਹਾਇਸ਼ ਵਿਚ ਮਾਨਸਿਕ ਸਿਹਤ `ਤੇ ਅਸਰ ਪਾਉਣ ਵਾਲੀਆਂ ਹਾਲਤਾਂ ਵਿਚ ਰੱਖਣਾ ਜਿਸ ਨਾਲ ਉਨ੍ਹਾਂ ਦੀ ਮਾਨਸਿਕ ਸਿਹਤ ਦਾ ਨੁਕਸਾਨ ਹੁੰਦਾ ਹੈ – ਤਿੰਨ ਥਾਂਵਾਂ ਵਿਚ ਪਰਤੱਖ ਸਨ, ਔਰਤ ਕੈਦੀਆਂ ਨੂੰ ਖਾਸ ਤੌਰ `ਤੇ ਸਖਤ ਹਾਲਤਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਸੀ। ਤੀਜਾ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਇਹ ਵੀ ਦੇਖਿਆ ਕਿ ਰਿਵੀਊ ਕੀਤੀਆਂ ਗਈਆਂ ਤਿੰਨ ਥਾਂਵਾਂ ਵਿੱਚੋਂ ਹਰ ਇਕ ਵਿਚ ਬੋਲੀ ਦੀਆਂ ਮੁਸ਼ਕਲਾਂ ਨੇ, ਅੰਗਰੇਜ਼ੀ ਜਾਂ ਸਪੈਨਿਸ਼ ਨਾ ਬੋਲਣ ਜਾਂ ਪੜ੍ਹਨ ਵਾਲੇ ਕੈਦੀਆਂ ਨੂੰ ਸਿੱਖਿਆ ਅਤੇ ਸੁਧਾਰ ਕਰਨ ਲਈ ਦਿੱਤੇ ਜਾ ਰਹੇ ਪ੍ਰੋਗਰਾਮਾਂ ਅਤੇ ਸੇਵਾਵਾਂ ("ਪ੍ਰੋਗਰਾਮਿੰਗ") ਵਿਚ ਹਿੱਸਾ ਲੈਣ ਤੋਂ, ਥਾਂ ਦੇ ਨਿਯਮਾਂ ਨੂੰ ਸਮਝਣ ਤੋਂ, ਅਤੇ/ਜਾਂ ਆਪਣੇ ਇਮੀਗਰੇਸ਼ਨ ਦੇ ਕੇਸਾਂ ਵਿਚ ਮਦਦ ਲੱਭਣ ਲਈ ਜ਼ਰੂਰੀ ਕਾਨੂੰਨੀ ਸਾਮੱਗਰੀ ਤੱਕ ਪਹੁੰਚ ਕਰਨ ਤੋਂ ਰੋਕਿਆ ਹੈ।

ਕੈਲੇਫੋਰਨੀਆ ਦੇ ਡੀ ਓ ਜੇ (DOJ) ਵਲੋਂ **Adelanto** ਥਾਂ ਦੇ ਰਿਵੀਊ ਵਿਚ - ਅਤੇ ਖਾਸ ਕਰਕੇ ਡਾਕਟਰੀ ਇਲਾਜ ਕਰਨ ਦੇ ਇਸ ਦੇ ਤਰੀਕੇ ਦੇ – ਜੀ ਈ ਓ ਗਰੁੱਪ ਵਲੋਂ ਕੈਦੀਆਂ ਅਤੇ ਰਿਕਾਰਡਾਂ ਤੱਕ ਉਸ ਦਰਜੇ ਤੱਕ ਪਹੁੰਚ ਪ੍ਰਦਾਨ ਕਰਨ ਤੋਂ ਨਾਂਹ ਕਰਨ ਨਾਲ ਕਾਫੀ ਜ਼ਿਆਦਾ ਰੁਕਾਵਟ ਆਈ ਹੈ ਜਿਸ ਦਰਜੇ ਤੱਕ ਪਹੁੰਚ ਕੈਲੇਫੋਰਨੀਆ ਦੇ ਡੀ ਓ ਜੇ (DOJ) ਨੂੰ ਰਿਵੀਊ ਕੀਤੀ ਗਈ ਹਰ ਦੂਜੀ ਥਾਂ ਤੋਂ ਮਿਲੀ ਸੀ। ਆਪਣੇ ਸੀਮਤ ਦਾਖਲੇ ਦੇ ਬਾਵਜੂਦ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਕਈ ਮਹੱਤਵਪੂਰਨ ਟਿੱਪਣੀਆਂ ਕੀਤੀਆਂ, ਜਿਨ੍ਹਾਂ ਵਿਚ ਸ਼ਾਮਲ ਹਨ:

- ਥਾਂ ਦਾ ਸਟਾਫ ਆਪਣੇ ਕਾਰੋਬਾਰ ਦੇ ਵੱਖ ਵੱਖ ਖੇਤਰਾਂ ਵਿਚਕਾਰ ਤਾਲਮੇਲ ਰੱਖਣ ਅਤੇ ਗੱਲਬਾਤ ਕਰਨ ਵਿਚ ਫੇਲ੍ਹ ਹੈ ਜਿਸ ਦਾ ਕੈਦੀਆਂ ਤੱਕ ਸੇਵਾਵਾਂ ਪਹੁੰਚਾਉਣ ਉੱਪਰ ਮਾੜਾ ਅਸਰ ਪੈਂਦਾ ਹੈ;
- ਥਾਂ ਕੈਦੀਆਂ ਨੂੰ ਆਈ ਸੀ ਈ ਦੇ ਨਜ਼ਰਬੰਦੀ ਦੇ ਮਿਆਰਾਂ ਦੀ ਮੰਗ ਮੁਤਾਬਕ ਘੱਟ ਤੋਂ ਘੱਟ ਸੇਵਾਵਾਂ ਦੇਣ `ਤੇ ਧਿਆਨ ਦਿੰਦੀ ਹੈ; ਉਦਾਹਰਣ ਲਈ, ਇਹ ਕੁਝ ਧਾਰਮਿਕ ਸੇਵਾਵਾਂ ਤਾਂ ਦਿੰਦੀ ਹੈ ਪਰ ਮਨੋਰੰਜਨ ਜਾਂ ਪੜ੍ਹਾਈ ਦੇ ਪ੍ਰੋਗਰਾਮ ਨਹੀਂ;
- ਥਾਂ ਦਾ ਇਨਟੇਕ ਅਤੇ ਕਲਾਸੀਫਿਕੇਸ਼ਨ ਸਿਸਟਮ, ਖਾਸ ਤੌਰ `ਤੇ ਨਿਤਾਣੇ ਕੈਦੀਆਂ ਦੀਆਂ ਸਿਹਤ ਅਤੇ ਸੇਫਟੀ ਦੀਆਂ ਲੋੜਾਂ ਦੀ ਪਛਾਣ ਕਰਨ ਅਤੇ ਇਨ੍ਹਾਂ ਦਾ ਹੱਲ ਕਰਨ ਵਿਚ ਫੇਲ੍ਹ ਹੈ, ਸਮੇਤ ਇਹ ਪਛਾਣ ਕਰਨ ਵਿਚ ਫੇਲ੍ਹ ਹੋਣ ਦੇ ਕਿ ਥਾਂ `ਤੇ ਟ੍ਰਾਂਸਜੈਂਡਰ ਕੈਦੀ ਵੀ ਹਨ;
- ਕੈਦੀਆਂ ਨੂੰ ਆਪਣੇ ਇਮੀਗਰੇਸ਼ਨ ਦੇ ਕੇਸਾਂ ਲਈ ਉਹ ਸਾਮੱਗਰੀ ਅਤੇ ਮਦਦ ਲੈਣ ਵਿਚ ਮਹੱਤਵਪੂਰਨ ਰੁਕਾਵਟਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਜਿਸ ਦੀ ਉਨ੍ਹਾਂ ਨੂੰ ਲੋੜ ਹੈ, ਅਤੇ ਖਾਸ ਤੌਰ `ਤੇ, ਲਾਅ ਲਾਇਬਰੇਰੀ ਵਿਚਲੀ ਸਾਮੱਗਰੀ ਬਹੁਤ ਪੁਰਾਣੀ ਹੈ;
- ਮੈਡੀਕਲ ਫਾਇਲਾਂ ਦਾ ਰਿਵੀਊ ਕਰਨ ਦੇ ਰਾਹ ਵਿਚ ਰੁਕਾਵਟਾਂ ਦੇ ਬਾਵਜੂਦ ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਹੈਲਥਕੇਅਰ ਦੇ ਕਈ ਫਿਕਰਾਂ ਦੀ ਪਛਾਣ ਕੀਤੀ ਹੈ, ਜਿਸ ਵਿਚ ਮਰੀਜ਼ ਦੀ ਭੇਤਦਾਰੀ ਦੀ ਨਾਕਾਫੀ ਰੱਖਿਆ ਅਤੇ ਪੱਕੀਆਂ ਬੀਮਾਰੀਆਂ ਦੇ ਇਲਾਜ ਦੇ ਪ੍ਰਬੰਧ ਵਿਚ ਘਾਟਾਂ ਵੀ ਸ਼ਾਮਲ ਹਨ; ਅਤੇ
- ਮਾਨਸਿਕ ਸਿਹਤ ਦੀਆਂ ਸੇਵਾਵਾਂ ਵਿਚ ਸਟਾਫ ਦੀ ਕਮੀ ਹੈ ਅਤੇ ਮਰੀਜ਼ਾਂ ਦੇ ਇਲਾਜ ਵਿਚ ਦੇਰੀਆਂ ਹੁੰਦੀਆਂ ਹਨ।

**Imperial** ਵਿਖੇ ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਹੋਰਨਾਂ ਚੀਜ਼ਾਂ ਦੇ ਨਾਲ ਨਾਲ ਇਹ ਦੇਖਿਆ ਕਿ ਇਸ ਥਾਂ ਵਿਚ:

- ਸਟਾਫ ਨੇ ਕੈਦੀਆਂ ਨਾਲ ਚੰਗੇ ਸੰਬੰਧ ਰੱਖੇ ਹਨ ਅਤੇ ਕੈਦੀਆਂ ਨੇ ਆਦਰ ਨਾਲ ਵਰਤਾਉ ਹੋਣ ਬਾਰੇ ਦੱਸਿਆ ਹੈ;
- ਟੈਲੀਫੋਨ `ਤੇ ਦੋਭਾਸ਼ੀਏ ਦੀ ਸਰਵਿਸ ਹੈ ਜਿਸ ਨੂੰ "ਲੈਂਗੁਏਜ ਲਾਈਨ" ਆਖਿਆ ਜਾਂਦਾ ਹੈ, ਪਰ ਮੈਡੀਕਲ ਅਤੇ ਇਨਟੇਕ ਦੇ ਖੇਤਰਾਂ ਤੋਂ ਬਾਹਰ ਇਸ ਦੀ ਵਰਤੋਂ ਸਿਰਫ ਸੁਪਰਵਾਈਜ਼ਰ ਦੀ ਪ੍ਰਵਾਨਗੀ ਨਾਲ ਹੀ ਕੀਤੀ ਜਾ ਸਕਦੀ ਹੈ;

- ਕੈਦੀ ਚੰਗੇ ਪ੍ਰੋਗਰਾਮਾਂ ਅਤੇ ਸਰਗਰਮੀਆਂ ਤੱਕ ਪਹੁੰਚ ਦਾ ਆਨੰਦ ਮਾਣਦੇ ਹਨ ਜੋ ਕਿ ਕੈਦ ਦੇ ਫੈਡਰਲ ਮਿਆਰਾਂ ਤੋਂ ਅੱਗੇ ਜਾਂਦੇ ਹਨ;
- ਕਾਮੁਕ ਬੁਰੇ ਵਰਤਾਉ ਅਤੇ ਪਰੇਸ਼ਾਨ ਕੀਤੇ ਜਾਣ ਦੇ ਇਲਜ਼ਾਮਾਂ ਦੇ ਸੰਬੰਧ ਵਿਚ ਸਪਸ਼ਟ ਨਿਯਮ ਹਨ;
- ਥਾਂ ਦੇ ਭੂਗੋਲਿਕ ਤੌਰ `ਤੇ ਨਿਵੇਕਲੀ ਥਾਂ `ਤੇ ਹੋਣ ਕਾਰਨ, ਵਕੀਲਾਂ ਤੱਕ ਪਹੁੰਚ ਦੀ ਘਾਟ ਹੈ ਜਿਸ ਨਾਲ ਕੈਦੀਆਂ ਨਾਲ ਕਾਨੂੰਨੀ ਤੌਰ `ਤੇ ਕੀਤੇ ਜਾ ਰਹੇ ਉਚਿਤ ਵਰਤਾਅ ਦੇ ਰਾਹ ਵਿਚ ਰੁਕਾਵਟਾਂ ਆਉਂਦੀਆਂ ਹਨ; ਅਤੇ
- ਮੈਡੀਕਲ ਯੂਨਿਟ ਇਲਾਜ ਦੀ ਲੋੜ ਵਾਲੇ ਮਰੀਜ਼ਾਂ ਨੂੰ ਸਮੇਂ ਸਿਰ ਦੇਖਦਾ ਹੈ, ਪਰ ਇਲਾਜ ਦੇ ਰਿਕਾਰਡ ਮਾੜੇ ਰੱਖਦਾ ਹੈ ਅਤੇ ਇਸ ਵਿਚ ਮਾਨਸਿਕ ਸਿਹਤ ਦੀਆਂ ਢੁਕਵੀਂਆਂ ਸੇਵਾਵਾਂ ਦੀ ਘਾਟ ਹੈ।

**Otay Mesa** ਵਿਚ ਯੂ.ਐੱਸ. ਮਾਰਸ਼ਲਜ਼ ਸਰਵਿਸ ਅਤੇ ਆਈ ਸੀ ਈ ਦੋਨਾਂ ਲਈ ਮਰਦ ਅਤੇ ਔਰਤਾਂ ਹਨ, ਅਤੇ ਇੱਥੇ ਹਰ ਸਮੇਂ ਵੱਖ ਵੱਖ ਲੋਕਾਂ, ਸਕਿਉਰਟੀ ਦੀਆਂ ਕਲਾਸੀਫਿਕੇਸ਼ਨਾਂ, ਅਤੇ ਲਿੰਗਾਂ ਵਿਚਕਾਰ ਸਰੀਰਕ ਫਾਸਲਾ ਕਾਇਮ ਰੱਖਿਆ ਜਾਣਾ ਜ਼ਰੂਰੀ ਹੈ। ਇਹ ਕੈਦ ਵਿਚਲੀ ਜ਼ਿੰਦਗੀ ਦੇ ਹੋਰ ਪੱਖਾਂ ਦੇ ਨਾਲ ਨਾਲ, ਮੈਡੀਕਲ ਸੇਵਾਵਾਂ, ਕੋਰਟ, ਅਤੇ ਖਾਣਿਆਂ ਦੀ ਸਰਵਿਸ ਤੱਕ ਕੈਦੀਆਂ ਦੀ ਪਹੁੰਚ ਲਈ ਤਾਲਮੇਲ ਨੂੰ ਗੁੰਝਲਦਾਰ ਬਣਾਉਂਦਾ ਹੈ। 2019 ਵਿਚ, ਥਾਂ ਨੇ ਚਾਰ ਨਵੇਂ ਡੋਰਮਜ਼ ਵਿਚ 512 ਬੈੱਡ ਪਾਏ ਪਰ ਇਸ ਨੇ ਆਪਣੇ ਪਹਿਲਾਂ ਹੀ ਬੋਝ ਥੱਲੇ ਦੱਬੇ ਹੋਏ ਮੈਡੀਕਲ ਯੂਨਿਟ ਦੀ ਸਮਰੱਥਾ ਨਹੀਂ ਵਧਾਈ। ਬੁਨਿਆਦੀ ਢਾਂਚੇ ਦੀਆਂ ਸੀਮਾਵਾਂ ਅਤੇ ਪਲੈਨਿੰਗ ਦੀਆਂ ਚੁਣੌਤੀਆਂ, ਕਸਟੱਡੀ ਅਤੇ ਹੈਲਥਕੇਅਰ ਦੇ ਸਟਾਫ ਦੀਆਂ ਕਮੀਆਂ ਨਾਲ ਰਲ ਕੇ, ਥਾਂ ਨੂੰ ਸਾਰੇ ਕੈਦੀਆਂ ਦੀਆਂ ਸਿਹਤ ਲੋੜਾਂ ਪੂਰੀਆਂ ਕਰਨ ਤੋਂ ਰੋਕਦੇ ਹਨ। ਇਨ੍ਹਾਂ ਫਿਕਰਾਂ ਤੋਂ ਇਲਾਵਾ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਇਹ ਦੇਖਿਆ ਕਿ ਥਾਂ:

- ਉਸ ਨਾਲੋਂ ਜ਼ਿਆਦਾ ਪ੍ਰੋਗਰਾਮਿੰਗ ਦਿੰਦੀ ਹੈ ਜਿੰਨਿਆਂ ਦੀ ਨੈਸ਼ਨਲ ਮਿਆਰ ਮੰਗ ਕਰਦੇ ਹਨ;
- ਰਿਹਾਇਸ਼ੀ ਯੂਨਿਟਾਂ ਵਿਚ ਲੈਂਗੁਏਜ ਲਾਈਨ ਦੀ ਸਮਰੱਥਾ ਹੈ, ਜੋ ਕਿ ਉਨ੍ਹਾਂ ਕੈਦੀਆਂ ਨਾਲ ਗੱਲਬਾਤ ਕਰਨ ਦੀਆਂ ਸਮੱਸਿਆਵਾਂ `ਤੇ ਕਾਬੂ ਪਾਉਣ ਦੇ ਜ਼ਿਆਦਾ ਮੌਕੇ ਪ੍ਰਦਾਨ ਕਰਦੀ ਹੈ ਜਿਨ੍ਹਾਂ ਦੀ ਅੰਗਰੇਜ਼ੀ ਵਿਚ ਮੁਹਾਰਤ ਸੀਮਤ ਹੈ;
- ਇਮੀਗਰੇਸ਼ਨ ਕੈਦੀਆਂ ਦੇ ਖਿਲਾਫ ਤਾਕਤ ਦੀ ਵਰਤੋਂ ਦੀ ਦਰ Imperial ਜਾਂ Adelanto ਨਾਲੋਂ ਜ਼ਿਆਦਾ ਹੈ;
- ਕਾਮੁਕ ਹਮਲੇ ਅਤੇ ਪਰੇਸ਼ਾਨ ਕੀਤੇ ਜਾਣ ਵਿਚ ਵਾਧੇ ਦੀਆਂ ਨੋਟ ਕਰਨ ਯੋਗ ਤਾਜ਼ਾ ਰਿਪੋਰਟਾਂ ਦਾ ਹਿਸਾਬ ਰੱਖਣ ਦੇ ਅਯੋਗ ਸੀ; ਅਤੇ
- ਮਾਨਸਿਕ ਸਿਹਤ ਦੇ ਇਲਾਜ ਦੀਆਂ ਸੇਵਾਵਾਂ ਵਿਚ ਮਹੱਤਵਪੂਰਨ ਕਮੀਆਂ ਹਨ।

ਵੱਡੇ ਪੱਧਰ `ਤੇ ਰਿਵੀਊ ਕੀਤੀਆਂ ਇਨ੍ਹਾਂ ਤਿੰਨ ਥਾਂਵਾਂ ਵਿੱਚੋਂ ਹਰ ਇਕ ਵਿਚ, ਕੈਲੇਫੋਰਨੀਆ ਦੇ ਡੀ ਓ ਜੇ (DOJ) ਨੇ ਇਹ ਦੇਖਿਆ ਕਿ ਲਾਜ਼ਮੀ ਓਵਰਟਾਈਮ ਇਕ ਆਮ ਗੱਲ ਹੈ, ਅਤੇ ਸਟਾਫ ਦੀ ਘਾਟ ਦੋਨੋਂ ਕਸਟੱਡੀ ਅਤੇ ਹੈਲਥਕੇਅਰ ਦੇ ਅਮਲੇ ਲਈ ਇਕ ਫਿਕਰ ਹੈ। ਇਮੀਗਰੇਸ਼ਨ ਕੈਦੀਆਂ ਲਈ ਮਾਨਸਿਕ ਇਲਾਜ ਮਹੱਤਵਪੂਰਨ ਹੈ, ਪਰ ਇਸ ਰਿਪੋਰਟ ਵਿਚ ਰਿਵੀਊ ਕੀਤੀਆਂ ਗਈਆਂ ਤਿੰਨੇ ਥਾਂਵਾਂ ਵਿਚ ਮਾਨਸਿਕ ਬੀਮਾਰੀਆਂ ਦੇ ਇਲਾਜ ਲਈ ਸਮੇਂ ਸਿਰ ਅਤੇ ਢੁਕਵੀਂਆਂ ਅਸੈੱਸਮੈਂਟਾਂ ਕਰਨ, ਰੋਗ ਦੀ ਪਛਾਣ ਕਰਨ ਅਤੇ ਰੈਫਰ ਕਰਨ; ਇਲਾਜ ਦੀਆਂ ਢੁਕਵੀਂਆਂ ਪਲੈਨਾਂ ਬਣਾਉਣ; ਮਾਨਸਿਕ ਰੋਗ ਦੀ ਦਵਾਈ ਦੀ ਨਿਗਰਾਨੀ ਕਰਨ; ਅਤੇ ਹੋਰ ਫਿਕਰਾਂ ਦੇ ਨਾਲ ਨਾਲ ਇਲਾਜ ਦੇ ਜਾਰੀ ਰਹਿਣ ਵਿਚ ਕਮੀਆਂ ਹਨ। ਕੈਲੇਫੋਰਨੀਆ ਦੇ ਡੀ ਓ ਜੇ (DOJ) ਦੀਆਂ ਕੈਦੀਆਂ ਨਾਲ ਇੰਟਰਵਿਊਆਂ ਦੇ ਆਧਾਰ `ਤੇ - ਕਾਨੂੰਨੀ ਨੁਮਾਇੰਦਗੀ ਦੀਆਂ ਦਰਾਂ – ਵਿਚ ਵੱਡੀ ਪੱਧਰ 'ਤੇ ਫਰਕ ਹੈ, ਅਤੇ ਭੂਗੋਲਿਕ ਤੌਰ `ਤੇ ਨਿਵੇਕਲੇ Imperial ਨਾਲੋਂ Adelanto ਅਤੇ Otay Mesa ਵਿਚ ਕੈਦੀਆਂ ਦੀ ਨੁਮਾਇੰਦਗੀ ਦੀ ਦਰ ਦਾ ਅਨੁਪਾਤ ਕਿਤੇ ਜ਼ਿਆਦਾ ਹੈ।

ਅੰਤ ਵਿਚ ਰਿਪੋਰਟ ਵਿਚ ਇਸ ਚੀਜ਼ ਬਾਰੇ ਇਕ ਸੈਕਸ਼ਨ ਸ਼ਾਮਲ ਹੈ ਕਿ ਕੋਵਿਡ-19 ਨੇ ਕਿਵੇਂ ਥਾਂਵਾਂ, ਉਨ੍ਹਾਂ ਦੇ ਸਟਾਫ ਅਤੇ ਕੈਦੀਆਂ `ਤੇ ਅਸਰ ਪਾਇਆ ਹੈ। ਇਹ ਮਹਾਂਮਾਰੀ ਇਕੱਠਾਂ ਵਾਲੇ ਮਾਹੌਲ ਵਿਚ ਸਮਾਜਿਕ ਫਾਸਲਾ ਕਾਇਮ ਰੱਖਣ ਦੀ ਲਗਭਗ ਅਸੰਭਾਵਨਾ ਕਰਕੇ ਇਮੀਗਰੇਸ਼ਨ ਕੈਦ ਲਈ ਖਾਸ ਤੌਰ `ਤੇ ਚੁਣੌਤੀਆਂ ਪੈਦਾ ਕਰਦੀ ਹੈ। ਕੈਦੀਆਂ ਅਤੇ ਵਕੀਲਾਂ ਨੇ ਲਗਾਤਾਰ ਖਤਰਨਾਕ ਹਾਲਤਾਂ ਨੂੰ ਚੁਣੌਤੀ ਦਿੱਤੀ ਹੈ ਅਤੇ ਫੈਡਰਲ ਕੋਰਟਾਂ ਨੇ ਮੈਡੀਕਲ ਤੌਰ `ਤੇ ਨਿਤਾਣੇ ਕੁਝ ਕੈਦੀਆਂ ਦੀ ਰਿਹਾਈ ਦੇ ਹੁਕਮ ਦਿੱਤੇ ਹਨ। ਆਈ ਸੀ ਈ ਅਤੇ ਥਾਂ ਦੀ ਲੀਡਰਸ਼ਿਪ ਦਾ ਪ੍ਰਤੀਕਰਮ ਕੁਆਰਨਟੀਨ (ਇਕਾਂਤਵਾਸ) ਕਰਨ ਦੀਆਂ ਵੱਖ ਵੱਖ ਜੁਗਤਾਂ ਤੋਂ ਲੈ ਕੇ ਨਿੱਜੀ ਤੌਰ `ਤੇ ਵਿਜ਼ਟ ਕਰਨ ਨੂੰ ਸੀਮਤ ਕਰਨ ਅਤੇ ਟੈਲੀਫੋਨ `ਤੇ ਜ਼ਿਆਦਾ ਪਹੁੰਚ ਪ੍ਰਦਾਨ ਕਰਨ ਤੱਕ ਵੱਖ ਵੱਖ ਰਿਹਾ ਹੈ। ਇਨ੍ਹਾਂ ਪ੍ਰਤੀਕਰਮਾਂ ਨੇ ਕੈਦੀਆਂ ਦੀ ਕੋਰਟਾਂ ਅਤੇ ਵਕੀਲਾਂ ਤੱਕ ਪਹੁੰਚ `ਤੇ ਅਸਰ ਪਾਇਆ ਹੈ ਅਤੇ ਇਸ ਨਾਲ ਥਾਂ ਦੀਆਂ ਆਬਾਦੀਆਂ ਵਿਚ ਵਾਧੇ ਘਾਟੇ ਹੋਏ ਹਨ। ਬਹੁਤ

ਸਾਰੇ ਕੈਦੀ ਅਤੇ ਸਟਾਫ ਬੀਮਾਰ ਹੋਏ ਹਨ, ਅਤੇ ਕੈਲੇਫੋਰਨੀਆ ਵਿਚਲੀ ਇਮੀਗਰੇਸ਼ਨ ਕੈਦ ਵਾਲੀ ਇਕ ਥਾਂ ਵਿਚ ਰੱਖੇ ਗਏ ਘੱਟੋ ਘੱਟ ਇਕ ਕੈਦੀ ਦੀ ਕੋਵਿਡ-19 ਨਾਲ ਮੌਤ ਹੋਈ ਹੈ।[3]

[3] ICE, ਕੈਦੀ ਦੀ ਮੌਤ ਦੀ ਰਿਪੋਰਟ: Escobar Mejia, Carlos Ernesto, <https://www.ice.gov/doclib/foia/reports/ddrEscobarMejiaCarlosErnesto.pdf> (2 ਦਸੰਬਰ, 2020 ਤੋਂ)।